# Evacuation of Indians and Afghans under ‘Operation Devi Shakti’ and shipment of humanitarian assistance for the people of Afghanistan

**……………………..**

## 'ਆਪ੍ਰੇਸ਼ਨ ਦੇਵੀ ਸ਼ਕਤੀ' ਤਹਿਤ ਭਾਰਤੀਆਂ ਅਤੇ ਅਫਗਾਨੀਆਂ ਨੂੰ ਸੁਰੱਖਿਅਤ ਕੱਢਣਾ ਅਤੇ ਅਫਗਾਨਿਸਤਾਨ ਦੇ ਲੋਕਾਂ ਲਈ ਮਨੁੱਖੀ ਸਹਾਇਤਾ ਦੀ ਖੇਪ

**11 ਦਸੰਬਰ, 2021**

1. ਭਾਰਤ ਸਰਕਾਰ ਦੁਆਰਾ ਕਾਬੁਲ ਤੋਂ ਨਵੀਂ ਦਿੱਲੀ ਲਈ ਵਿਸ਼ੇਸ਼ ਚਾਰਟਰਡ ਉਡਾਣ 10 ਦਸੰਬਰ ਨੂੰ ਨਵੀਂ ਦਿੱਲੀ ਦੇ IGI ਹਵਾਈ ਅੱਡੇ 'ਤੇ ਪਹੁੰਚੀ। ਇਸ ਉਡਾਣ ਰਾਹੀਂ ਅਫਗਾਨ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਸਮੇਤ 10 ਭਾਰਤੀ ਅਤੇ 94 ਅਫਗਾਨ ਨਾਗਰਿਕਾਂ ਨੂੰ ਲਿਆਂਦਾ ਗਿਆ। ਘੱਟ ਗਿਣਤੀ ਭਾਈਚਾਰੇ ਦੇ ਲੋਕ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੇ 2 ਸਰੂਪ ਅਤੇ ਕੁਝ ਪੁਰਾਤਨ ਹਿੰਦੂ ਹੱਥ-ਲਿਖਤਾਂ ਲੈ ਕੇ ਆਏ ਸਨ।

2. "ਆਪ੍ਰੇਸ਼ਨ ਦੇਵੀ ਸ਼ਕਤੀ" ਤਹਿਤ ਹੁਣ ਤੱਕ ਕੁੱਲ 669 ਲੋਕਾਂ ਨੂੰ ਅਫਗਾਨਿਸਤਾਨ 'ਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਇਨ੍ਹਾਂ ਵਿੱਚ 448 ਭਾਰਤੀ ਅਤੇ 206 ਅਫਗਾਨ ਨਾਗਰਿਕ ਹਨ, ਜਿਨ੍ਹਾਂ ਵਿੱਚ ਅਫਗਾਨ ਹਿੰਦੂ/ਸਿੱਖ ਘੱਟ ਗਿਣਤੀ ਭਾਈਚਾਰੇ ਦੇ ਮੈਂਬਰ ਵੀ ਸ਼ਾਮਲ ਹਨ। ਅਫਗਾਨਿਸਤਾਨ ਅੰਦਰੋਂ ਪਹਿਲਾਂ ਅਗਸਤ 2021 ਦੇ ਮਹੀਨੇ 438 ਭਾਰਤੀਆਂ ਸਮੇਤ 565 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ।

3. ਅਫਗਾਨਿਸਤਾਨ ਅੰਦਰਲੀ ਔਖੀ ਮਨੁੱਖੀ ਸਥਿਤੀ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਅੱਜ ਵਾਪਸੀ ਉਡਾਣ ਵਿੱਚ ਡਾਕਟਰੀ ਸਪਲਾਈ ਸਮੇਤ ਮਨੁੱਖੀ ਸਹਾਇਤਾ ਭੇਜੀ ਹੈ। ਇਹ ਦਵਾਈਆਂ ਕਾਬੁਲ ਵਿੱਚ ਵਿਸ਼ਵ ਸਿਹਤ ਸੰਗਠਨ (WHO) ਦੇ ਨੁਮਾਇੰਦਿਆਂ ਨੂੰ ਸੌਂਪੀਆਂ ਜਾਣਗੀਆਂ, ਜੋ ਕਾਬੁਲ ਦੇ ਇੰਦਰਾ ਗਾਂਧੀ ਚਿਲਡਰਨ ਹਸਪਤਾਲ ਵਿੱਚ ਦਿੱਤੀਆਂ ਜਾਣਗੀਆਂ।

ਨਵੀਂ ਦਿੱਲੀ
11 ਦਸੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.